## ਗਰਭਪਾਤ ਦੇ ਅਮਲ ਦੇ ਖਤਰੇ

1. **ਇੰਨਫੈਕਸ਼ਨ**
   ਤਕਰੀਬਨ 0.1% ਕੇਸਾਂ ‘ਚ ਪਹਿਲੀ ਤਿਮਾਹੀ ‘ਚ ਅਤੇ 0.4% ਕੇਸਾਂ ‘ਚ ਦੂਸਰੀ ਤਿਮਾਹੀ ‘ਚ ਬੱਚੇਦਾਨੀ ‘ਚ ਇੰਨਫੈਕਸ਼ਨ (endometritis) ਹੋ ਜਾਂਦੀ ਹੈ। ਇੰਨਫੈਕਸ਼ਨ ਦੇ ਰੋਗ ਲੱਛਣਾਂ ‘ਚ ਸ਼ਾਮਲ ਹੋ ਸਕਦਾ ਹੈ ਕੁੱਖ ਦਰਦ, ਬੁਖਾਰ ਅਤੇ ਬਦਬੂ। ਇਸਦਾ ਐਂਟੀਬਾਇਐਟਿਕਸ ਨਾਲ ਅਤੇ ਕਈ ਵਾਰੀ ਬਾਰ ਬਾਰ ਹਵਾ ਖਿੱਚਕੇ ਇਲਾਜ ਕੀਤਾ ਜਾਂਦਾ ਹੈ। ਥੋੜ੍ਹੀ ਜਹੀ ਸੰਭਾਵਨਾਂ ਹੁੰਦੀ ਹੈ ਕਿ IV ਐਂਟੀਬਾਇਐਟਿਕਸ, D&C ਜਾਂ ਹੋਰ ਸਰਜਰੀ ਲਈ ਹਸਪਤਾਲ ਜਾਣਾ ਪਵੇ।

2. **ਅਧੂਰਾ ਗਰਭਪਾਤ**
   ਅਧੂਰੇ ਗਰਭਪਾਤ ਦਾ ਮਤਲਬ ਹੁੰਦਾ ਹੈ ਕਿ ਗਰਭਪਾਤ ਖਤਮ ਹੋ ਗਿਆ ਪਰ ਗਰਭ ਦੇ ਕੁਝ ਤੰਤੂ ਬੱਚੇਦਾਨੀ ‘ਚ ਰਹਿ ਜਾਂਦੇ ਹਨ। ਇਕ ਅਧੂਰੇ ਗਰਭਪਾਤ ਦੇ ਰੋਗ ਲੱਛਣਾਂ ‘ਚ ਸ਼ਾਮਲ ਹੋ ਸਕਦਾ ਹੈ ਵਧੇਰੇ ਖੂਨ ਵਹਿਣਾ ਅਤੇ ਖੂਨ ਦੇ ਫੁੱਟ ਨਿਕਲਣੇ, ਵਧੇਰੇ ਕੜਵੱਲ ਪੈਣੇ ਅਤੇ ਸੰਭਾਵਤ ਇੰਨਫੈਕਸ਼ਨ। ਜੇਕਰ ਇਹ ਪੇਚੀਦਗੀ ਪੈਦਾ ਹੋ ਜਾਂਦੀ ਹੈ ਤਾਂ ਇਸ ਲਈ ਬਾਰ ਬਾਰ ਹਵਾ ਖਿੱਚਣ ਜਾਂ ਕਿਸੇ ਕਲਿਨਿਕ ਜਾਂ ਹਸਪਤਾਲ ‘ਚ D&C ਦੀ ਜ਼ਰੂਰਤ ਹੋ ਸਕਦੀ ਹੈ।

3. **ਜਾਰੀ ਗਰਭ ਜਾਂ ਅਸਫਲ ਗਰਭਪਾਤ**
   ਅਸਫਲ ਗਰਭਪਾਤ ਕਦੇ ਕਦੇ ਹੁੰਦਾ ਹੈ ਅਤੇ ਆਮ ਤੌਰ ‘ਤੇ ਇਹ ਬਾਈਕਾਰਨੂਏਟ (ਵੰਡੀ ਹੋਈ ਜਾਂ ਦਿਲ ਦੀ ਸ਼ਕਲ ਵਾਲੀ) ਬੱਚੇਦਾਨੀ, ਬਹੁਤ ਤਾਜ਼ੇ ਗਰਭ ਜਾਂ ਅਸਾਧਾਰਨ ਗਰਭ ਕਾਰਨ ਹੁੰਦਾ ਹੈ। ਕਈ ਵਾਰੀ ਡਾਕਟਰ ਸਾਰੇ ਗਰਭ ਨੂੰ ਕੱਢਣ ਦੇ ਅਯੋਗ ਹੁੰਦਾ ਹੈ। ਇਹ ਮਹੱਤਵਪੂਰਨ ਗੱਲ ਹੈ ਕਿ ਜੇਕਰ ਮਰੀਜ਼ ਅਜੇ ਵੀ ਗਰਭਵਤੀ ਮਹਿਸੂਸ ਕਰਦੀ ਹੈ ਜਾਂ ਉਸਨੂੰ ਗਰਭਪਾਤ ਦੇ ਮਗਰੋਂ 8 ਹਫਤਿਆਂ ਦੇ ਵਿਚ ਵਿਚ ਮਾਂਹਵਾਰੀ ਨਹੀਂ ਆਉਂਦੀ ਤਾਂ ਉਹ ਕਲਿਨਿਕ ‘ਚ ਜਾਂ ਆਪਣੇ ਡਾਕਟਰ ਕੋਲ ਵਾਪਸ ਜਾਵੇ। ਜੇਕਰ ਇੰਜ ਹੁੰਦਾ ਹੈ ਤਾਂ ਇਕ ਹੋਰ ਯਤਨ ਵਾਸਤੇ ਐਪੁਆਇੰਟਮੈਂਟ ਬਣਾਈ ਜਾ ਸਕਦੀ ਹੈ ਜਾਂ ਮਰੀਜ਼ ਨੂੰ ਹਸਪਤਾਲ ਵੱਲ ਭੇਜਿਆ ਜਾ ਸਕਦਾ ਹੈ। ਟਿਊਬ ਵਿਚ ਹੋਣ ਵਾਲਾ ਗਰਭ (ectopic) ਗਰਭਪਾਤ ਨਾਲ ਖਤਮ ਨਹੀਂ ਹੁੰਦਾ ਅਤੇ ਇਸ ਨੂੰ ਗਿਰਾਉਣ ਲਈ ਪੇਟ ਦਾ ਆਪਰੇਸ਼ਨ ਕਰਨ ਦੀ ਜ਼ਰੂਰਤ ਹੋ ਸਕਦੀ ਹੈ।

4. **ਬੱਚੇਦਾਨੀ ‘ਚ ਛੇਕ ਹੋਣਾ**
   ਬੱਚੇਦਾਨੀ ‘ਚ ਛੇਕ ਉਦੋਂ ਹੋ ਜਾਂਦਾ ਹੈ ਜਦੋਂ ਗਰਭਪਾਤ ਦੇ ਅਮਲ ਦੌਰਾਨ ਕੋਈ ਯੰਤਰ ਬੱਚੇਦਾਨੀ ਦੀ ਝਿੱਲੀ ਨੂੰ ਛੇਦ ਕੇ ਅਗਾਂਹ ਨਿਕਲ ਜਾਂਦਾ ਹੈ। ਇਹ ਆਮ ਨਹੀਂ ਵਾਪਰਦਾ ਪਰ ਗੰਭੀਰ ਹੋ ਸਕਦਾ ਹੈ ਕਿਉਂਕਿ ਇਹ ਅੰਦਰੂਨੀ ਅੰਗਾਂ ਦਾ ਨੁਕਸਾਨ ਕਰ ਸਕਦਾ ਹੈ ਜਿਵੇਂ ਵੱਡੀ ਅੰਤੜੀ, ਮਸਾਨਾਂ ਜਾਂ ਖੂਨ ਨਾੜੀਆਂ। ਇਲਾਜ ‘ਚ ਸ਼ਾਮਲ ਹੋ ਸਕਦਾ ਹੈ ਵਾਚਣਾ, ਲੈਪਰੋਸਕੋਪੀ ਜਾਂ ਪੇਟ ਦੀ ਸਰਜਰੀ। ਵਿਰਲੇ ਕੇਸਾਂ ‘ਚ ਇਸਦਾ ਨਤੀਜਾ ਹਿਸਟੀਰੈਕਟਮੀ (ਬੱਚੇਦਾਨੀ ਕੱਢ ਦੇਣਾ) ਹੋ ਸਕਦਾ ਹੈ।

5. **ਬੱਚੇਦਾਨੀ ਦੇ ਬਾਹਰਲੇ ਤੰਗ ਸਿਰੇ ਦਾ ਪਾਟਣਾ**
   ਗਰਭਪਾਤ ਦੇ ਅਮਲ ਦੌਰਾਨ ਵਰਤੇ ਜਾਂਦੇ ਸੰਦਾਂ ਨਾਲ ਬੱਚੇਦਾਨੀ ਦਾ ਬਾਹਰਲਾ ਤੰਗ ਸਿਰਾ ਚੀਰਿਆ ਜਾ ਸਕਦਾ ਹੈ। ਚੀਰ ਨੂੰ ਉਸ ਵਾਸਤੇ ਬਣੀਆਂ ਦਵਾਈਆਂ ਜਾਂ ਟਾਂਕੇ ਲਗਾਕੇ ਠੀਕ ਕੀਤਾ ਜਾ ਸਕਦਾ ਹੈ ਜਾਂ ਜੇਕਰ ਬਹੁਤ ਗੰਭੀਰ ਹੋਵੇ ਤਾਂ ਉਸਦੇ ਇਲਾਜ ਵਾਸਤੇ ਹਸਪਤਾਲ ਜਾਣ ਦੀ ਵੀ ਜ਼ਰੂਰਤ ਹੋ ਸਕਦੀ ਹੈ।

6. **ਐਲਰਜੀ ਹੋਣਾ**
   ਅਮਲ ਵਾਸਤੇ ਥਾਂ ਨੂੰ ਸੁੰਨ ਕਰਨ, ਠੰਡ ਪਾਉਂਣ ਦੀਆਂ ਦਵਾਈਆਂ, ਕੱਚੀ ਰਬੜ ਜਾਂ ਹੋਰ ਸਮੱਗਰੀ ਜਿਸ ਨਾਲ ਮਰੀਜ਼ ਸੰਪਰਕ ‘ਚ ਆਉਂਦੀ ਹੈ, ਦੇ ਕਾਰਨ ਐਲਰਜੀ ਹੋ ਸਕਦੀ ਹੈ। ਜੇਕਰ ਇੰਜ ਹੁੰਦਾ ਹੈ ਤਾਂ ਮੈਡੀਕਲ ਸਟਾਫ ਮਰੀਜ਼ ਨੂੰ ਐਲਰਜੀ ਵਾਸਤੇ ਵਰਤੀਂਦੇ ਆਮ ਮੈਡੀਕਲ ਇਲਾਜ ਨਾਲ ਠੀਕ ਕਰਦਾ ਹੈ। ਜੇਕਰ ਐਲਰਜੀ ਬਹੁਤ ਗੰਭੀਰ ਹੋਵੇ ਤਾਂ ਨਤੀਜੇ ਵਜੋਂ ਹਸਪਤਾਲ ਵੀ ਭੇਜਣਾ ਪੈ ਸਕਦਾ ਹੈ।

7. **ਬੱਚੇਦਾਨੀ ’ਚ ਖੂਨ ਦੇ ਫੁੱਟ ਜਮਾਂ ਹੋਣਾ (**Hematometra)
   ਇਹ ਉਦੋਂ ਵਾਪਰਦਾ ਹੈ ਜਦੋਂ ਖੂਨ ਦੇ ਫੁੱਟ ਬੱਚੇਦਾਨੀ ਵੱਲੋਂ ਉਨ੍ਹਾਂ ਨੂੰ ਬਾਹਰ ਕੱਢਣ ਨਾਲੋਂ ਜ਼ਿਆਦਾ ਤੇਜ਼ੀ ਨਾਲ ਪੈਦਾ ਹੋ ਜਾਂਦੇ ਹਨ ਤੇ ਨਤੀਜੇ ਵਜੋਂ ਬੱਚੇਦਾਨੀ ਖੂਨ ਨਾਲ ਭਰ ਜਾਂਦੀ ਹੈ। ਮਰੀਜ਼ ਨੂੰ ਅਫਰੇਵਾਂ ਮਹਿਸੂਸ ਹੋਵੇਗਾ ਅਤੇ ਉਸਨੂੰ ਗੰਭੀਰ ਕੜਵੱਲ ਮਹਿਸੂਸ ਹੋਣੇਗੇ। ਇਸਦਾ ਇਲਾਜ ਬੱਚੇਦਾਨੀ ‘ਚੋਂ ਖੂਨ ਅਤੇ ਖੂਨ ਦੇ ਫੁੱਟਾਂ ਨੂੰ ਕੱਢਣ ਵਾਸਤੇ ਬਾਰ ਬਾਰ ਹਵਾ ਖਿੱਚਣਾ ਹੁੰਦਾ ਹੈ।

8. **ਹੈਮਰੇਜ**
   ਹੈਮਰੇਜ ਜਾਂ ਬਹੁਤ ਜ਼ਿਆਦਾ ਖੂਨ ਵਹਿ ਜਾਣਾ ਬੱਚੇਦਾਨੀ ਦੇ ਬਾਹਰਲੇ ਸਿਰੇ ਦੇ ਚੀਰੇ ਜਾਣ, ਛੇਕ ਹੋ ਜਾਣ, ਤੰਤੂ ਅੰਦਰ ਰਹਿ ਜਾਣ, ਬੱਚੇਦਾਨੀ ਦੇ ਪੱਠਿਆਂ ਦੇ ਢਿੱਲੇ ਹੋ ਜਾਣ ਜਾਂ ਬੱਚੇਦਾਨੀ ਪਾਟਣ, ਕਿਸੇ ਸਰੀਰਕ ਗੜਬੜੀ ਕਾਰਨ ਖੂਨ ਦੇ ਫੁੱਟ ਬਣੀ ਜਾਣ ਅਤੇ ਬੱਚੇਦਾਨੀ ਜਾਂ ਨਾੜੂਏ ਦੀਆਂ ਹੋਰ ਗੜਬੜੀਆਂ ਦਾ ਨਤੀਜਾ ਹੋ ਸਕਦਾ ਹੈ। ਹੈਮਰੇਜ ਦੇ ਇਲਾਜ ਲਈ ਕਲਿਨਿਕ ‘ਚ ਦਵਾਈਆਂ ਜਾਂ ਬਾਰ ਬਾਰ ਹਵਾ ਖਿੱਚਣ ਦੀ ਜ਼ਰੂਰਤ ਹੋ ਸਕਦੀ ਹੈ। D&C ਜਾਂ ਹੋਰ ਸਰਜਰੀ ਲਈ ਹਸਪਤਾਲ ‘ਚ ਤਬਦੀਲ ਕਰਨਾ ਜ਼ਰੂਰੀ ਹੋ ਸਕਦਾ ਹੈ ਅਤੇ ਖੂਨ ਚੜ੍ਹਾਉਣ ਦੀ ਲੋੜ ਪੈ ਸਕਦੀ ਹੈ।

**8. ਮੌਤ**

ਗਰਭਪਾਤ ਨਾਲ ਮੌਤ ਹੋਣ ਦਾ ਖਤਰਾ ਨਾਂ-ਮਾਤਰ ਹੀ ਹੈ। ਇਸ ਦੀ ਤੁਲਨਾਂ ਪੂਰੀ ਮਿਆਦ ਲਈ ਗਰਭ ਰੱਖਣ ਅਤੇ ਬੱਚੇ ਦੇ ਜਣੇਪੇ ਕਾਰਨ ਹੋਣ ਵਾਲੀ ਮੌਤ ਦੇ ਖਤਰੇ ਨਾਲ ਕਰਨੀ ਚਾਹੀਦੀ ਹੈ ਜਿਹੜਾ ਕਿ ਗਰਭ ਦੇ ਸ਼ੁਰੂ 'ਚ ਗਰਭਪਾਤ ਕਰਨ ਤੋਂ ਪੈਦਾ ਹੁੰਦੇ ਖਤਰੇ ਨਾਲੋਂ ਬਾਰਾਂ ਗੁਣਾ ਵਧੇਰੇ ਹੈ। ਥੋੜ੍ਹੀਆਂ ਗਰਭਪਾਤ ਨਾਲ ਸਬੰਧਤ ਮੌਤਾਂ ਜੋ ਦੂਜੀ ਤਿਮਾਹੀ ਨਾਲੋਂ ਪਹਿਲੀ ਤਿਮਾਹੀ 'ਚ ਹੁੰਦੀਆਂ ਹਨ, 'ਚ ਗਰਭ ਵੇਲੇ ਦੀ ਉਮਰ ਬਹੁਤ ਮਹੱਤਵਪੂਰਨ ਕਾਰਨ ਹੁੰਦੀ ਹੈ। ਇਹ ਮੌਤਾਂ ਹੈਮਰੇਜ, ਇੰਨਫੈਕਸ਼ਨ ਅਤੇ ਬਹੁਤ ਥੋੜ੍ਹੀ ਹੱਦ ਤੱਕ ਸੁੰਨ ਕਰਨ ਵਾਲੀ ਦਵਾਈ ਨਾਲ ਹੁੰਦੀਆਂ ਹਨ ਕਿਉਂਕਿ ਆਮ ਸੁੰਨ ਕਰਨ ਵਾਲੀ ਦਵਾਈ ਸੁਰੱਖਿਅਤ ਬਣ ਚੁੱਕੀ ਹੈ ਅਤੇ ਘੱਟ ਵਾਰੀ ਵਰਤੀ ਜਾਂਦੀ ਹੈ।

*Information is from Management of Unintended and Abnormal Pregnancy – Wiley-Blackwell 2009*